# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਪੰਜਾਬ ਸਕੂਲ ਸਿੱਖਿਆ ਬੋਰਡ
ਨਾਲ ਪੰਜਾਬ ਰਾਜ ਦੀਆਂ ਸਮੂਹ
ਐਫੀਲੀਏਟਿਡ/ਐਸੋਸੀਏਟਿਡ/ਆਦਰਸ਼ ਸੰਸਥਾਵਾਂ।

ਨੰਬਰ: ਪਸਸਬ-ਐਫੀ: 2017/ 8251 ਮਿਤੀ: 18-9-17.

**ਵਿਸ਼ਾ: ਆਧਾਰ ਇੰਨਰੋਲਮੈਂਟ 100% ਮੁਕੰਮਲ ਕਰਨ ਅਤੇ ਈ ਪੰਜਾਬ ਪੋਰਟਲ ਤੇ ਅਪਡੇਟ ਕਰਨ ਸਬੰਧੀ।**

*************

ਉਪਰੋਕਤ ਵਿਸ਼ੇ ਸਬੰਧੀ ਦਫਤਰੀ ਪੱਤਰ ਨੰ: ਪਸਸਬ-ਐਫੀ:2017/6067 ਮਿਤੀ: 04-09-2017 ਰਾਹੀਂ 07 ਦਿਨਾਂ ਦਾ ਸਮਾਂ ਦਿੰਦੇ ਹੋਏ ਸੰਸਥਾਵਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਆਧਾਰ ਇੰਨਰੋਲਮੈਂਟ 100% ਮੁਕੰਮਲ ਕਰਨ ਸਬੰਧੀ ਹਦਾਇਤ ਕੀਤੀ ਗਈ ਸੀ। ਇਸ ਸਬੰਧੀ ਦਫਤਰ ਵੱਲੋਂ ਇੱਕ ਪ੍ਰੈਸ ਨੋਟ ਅਤੇ ਪਬਲਿਕ ਨੋਟਿਸ ਵੀ ਦਿੱਤਾ ਗਿਆ ਸੀ। ਉਕਤ ਦਰਜ ਪੱਤਰ ਦੀ ਲਗਾਤਾਰਤਾ ਵਿੱਚ ਸੰਸਥਾਵਾਂ ਨੂੰ ਇਸ ਪੱਤਰ ਰਾਹੀਂ 07 ਦਿਨ ਦਾ ਹੋਰ ਸਮਾਂ ਦਿੱਤਾ ਜਾਂਦਾ ਹੈ। ਦਿੱਤੇ ਗਏ ਇਸ ਸਮੇਂ ਵਿੱਚ ਸੰਸਥਾਵਾਂ ਵਿਸ਼ੇ ਸਬੰਧੀ ਕਾਰਵਾਈ ਮੁਕੰਮਲ ਕਰਕੇ ਜਾਣਕਾਰੀ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਉਣਗੀਆਂ। ਮਿੱਥੇ ਸਮੇਂ ਵਿੱਚ ਸੰਸਥਾਵਾਂ ਵੱਲੋਂ ਵਿਸ਼ੇ ਸਬੰਧੀ ਕਾਰਵਾਈ ਪੂਰੀ ਨਾ ਕਰਨ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।